# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

# 18:20

**ਮਿਤੀ : 30-09-2025**

ਪਹਿਲਾ ਬੁਲੇਟਿਨ ਦੀਆਂ ਖਾਸ ਖਬਰਾਂ

- ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹੈ ਕਿ ਆਪ੍ਰੇਸ਼ਨ ਸਿੰਦੂਰ ਦੌਰਾਨ ਭਾਰਤੀ ਹਥਿਆਰਬੰਦ ਫੌਜਾਂ ਦੀ ਅੰਤਰ-ਕਾਰਜਸ਼ੀਲਤਾ ਅਤੇ ਇਕਜੁੱਟਤਾ ਨੇ ਮਹੱਤਵਪੂਰਨ ਭੂਮਿਕਾ ਨਿਭਾਈ ।
- ਭਾਰਤੀ ਫੌਜ ਨੇ ਭਰੋਸਾ ਦਿੱਤਾ ਏ ਕਿ ਜੇਕਰ ਪਾਕਿਸਤਾਨ ਆਪ੍ਰੇਸ਼ਨ ਸਿੰਦੂਰ ਤੋਂ ਬਾਅਦ ਵੀ ਦੁਬਾਰਾ ਗਲਤੀ ਕਰਦਾ ਏ, ਤਾਂ ਇਸ ਵਾਰ ਸਜ਼ਾ ਬਹੁਤ ਵੱਡੀ ਹੋਵੇਗੀ।
- ਭਾਰਤੀ ਫੌਜ ਦੇ ਗੋਲਡਨ ਐਰੋ ਡਿਵੀਜ਼ਨ ਨੇ ਅੱਜ ਤਰਨਤਾਰਨ ਦੇ ਆਸਲ ਉੱਤਰ ਵਿਖੇ 1965 ਦੀ ਜੰਗ ‘ਚ  ਭਾਰਤ ਦੀ ਜਿੱਤ ਦੀ ਡਾਇਮੰਡ ਜੁਬਲੀ ਮਨਾਈ।
- ਅੱਜ ਅੰਤਰਰਾਸ਼ਟਰੀ ਅਨੁਵਾਦ ਦਿਵਸ ਮਨਾਇਆ ਜਾ ਰਿਹਾ ਏ।
- ਯੋਗੇਸ਼ ਖਾਟੂਨੀਆ ਨੇ ਵਿਸ਼ਵ ਪੈਰਾ ਐਥਲੈਟਿਕਸ ਚੈਂਪੀਅਨਸ਼ਿਪ ਵਿੱਚ ਚਾਂਦੀ ਦਾ ਤਗਮਾ ਜਿੱਤਿਆ ਏ ।

## ਹੁਣ ਖਬਰਾਂ ਵਿਸਥਾਰ ਨਾਲ....

ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਏ ਕਿ ਅਜੋਕੇ ਸਮੇਂ ਵਿੱਚ ਸਫਲ ਸੰਚਾਲਨ ਲਈ ਭਾਰਤੀ ਹਥਿਆਰਬੰਦ ਫੌਜਾਂ ਵਿੱਚ ਅੰਤਰ-ਕਾਰਜਸ਼ੀਲਤਾ ਅਤੇ ਇਕਜੁਟਤਾ ਜ਼ਰੂਰੀ ਹੋ ਗਈ ਏ । ਅੱਜ ਨਵੀਂ ਦਿੱਲੀ ਵਿੱਚ ਤਿੰਨੋਂ ਫੌਜਾਂ ਦੇ ਸੈਮੀਨਾਰ ਨੂੰ ਸੰਬੋਧਨ ਕਰਦਿਆਂ, ਸ਼੍ਰੀ ਸਿੰਘ ਨੇ ਕਿਹਾ ਕਿ 21ਵੀਂ ਸਦੀ ਵਿੱਚ ਖ਼ਤਰੇ ਵਧੇ ਨੇ. ਉਨ੍ਹਾਂ ਕਿਹਾ ਕਿ ਜ਼ਮੀਨ, ਸਮੁੰਦਰ, ਹਵਾ, ਪੁਲਾੜ ਅਤੇ ਸਾਈਬਰਸਪੇਸ ਸਾਰੇ ਆਪਸ ਵਿੱਚ ਡੂੰਘੇ ਜੁੜੇ ਹੋਏ ਨੇ. ਰੱਖਿਆ ਮੰਤਰੀ ਨੇ ਕਿਹਾ ਕਿ ਆਪ੍ਰੇਸ਼ਨ ਸਿੰਦੂਰ ਦੌਰਾਨ, ਭਾਰਤ ਨੇ ਆਪਣੀ ਹਵਾਈ ਰੱਖਿਆ ਵਿੱਚ ਜ਼ਬਰਦਸਤ ਇਕਜੁੱਟਤਾ ਦਾ ਵਿਖਾਲਾ ਕੀਤਾ, ਜੋ ਕਿ ਫੈਸਲਾਕੁੰਨ ਸਾਬਤ ਹੋਇਆ-

byte

ਸ਼੍ਰੀ ਸਿੰਘ ਨੇ ਕਿਹਾ ਕਿ ਭਾਰਤੀ ਹਵਾਈ ਫੌਜ ਦੀ ਏਕੀਕ੍ਰਿਤ ਹਵਾਈ ਕਮਾਂਡ ਅਤੇ ਕੰਟਰੋਲ ਸਿਸਟਮ ਦਾ ਭਾਰਤੀ ਫੌਜ ਦੇ ਆਕਾਸ਼ ਤੀਰ ਅਤੇ ਭਾਰਤੀ ਸਮੁੰਦਰੀ ਫੌਜ ਦੇ ਤ੍ਰਿਗੁਣ ਨਾਲ ਏਕੀਕਰਨ ਇਸ ਸਫਲਤਾ ਦਾ ਮੂਲ ਅਧਾਰ ਸੀ. ਰੱਖਿਆ ਮੰਤਰੀ ਨੇ ਏਕੀਕ੍ਰਿਤ ਸੰਚਾਲਨ ਦੇ ਇਸ ਯੁੱਗ ਵਿੱਚ ਨਿਰੀਖਣ ਅਤੇ ਆਡਿਟ ਪ੍ਰਣਾਲੀਆਂ ਦੇ ਨਿਰਵਿਘਨ ਆਪਸੀ ਸੰਪਰਕ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ।

--------------------------------------------------

ਭਾਰਤੀ ਫੌਜ ਨੇ ਭਰੋਸਾ ਦਿੱਤਾ ਏ ਕਿ ਜੇਕਰ ਪਾਕਿਸਤਾਨ ਆਪ੍ਰੇਸ਼ਨ ਸਿੰਦੂਰ ਦੌਰਾਨ ਭਾਰੀ ਸਜ਼ਾ ਮਿਲਣ ਤੋਂ ਬਾਅਦ ਵੀ ਦੁਬਾਰਾ ਗਲਤੀ ਕਰਦਾ ਏ, ਤਾਂ ਇਸ ਵਾਰ ਸਜ਼ਾ ਬਹੁਤ ਵੱਡੀ ਹੋਵੇਗੀ। ਪੱਛਮੀ ਕਮਾਂਡ ਦੇ ਆਰਮੀ ਕਮਾਂਡਰ, ਲੈਫਟੀਨੈਂਟ ਜਨਰਲ ਮਨੋਜ ਕੁਮਾਰ ਕਟਿਆਰ ਨੇ ਅੱਜ ਤਰਨਤਾਰਨ ਵਿੱਚ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪਾਕਿਸਤਾਨ ਆਪਣੇ ਨਿੱਜੀ ਹਿੱਤਾਂ ਲਈ ਭਾਰਤ ਨਾਲ ਟਕਰਾਅ ਜਾਰੀ ਰੱਖਣਾ ਚਾਹੁੰਦਾ ਏ। ਪਾਕਿਸਤਾਨ ਦੀ ਫੌਜ ਅਤੇ ਫੌਜ ਦੇ ਜਨਰਲ ਕੁਝ ਗਤੀਵਿਧੀਆਂ ਨੂੰ ਅੰਜਾਮ ਦੇ ਕੇ ਭਾਰਤ ਨੂੰ ਭੜਕਾ ਰਹੇ ਨੇ ਅਤੇ ਪਹਿਲਗਾਮ ਦਹਿਸ਼ਤਗਰਦ ਹਮਲਾ ਵੀ ਇਹੋ ਜਿਹੀ ਹੀ ਘਟਨਾ ਸੀ ਜਿਸਦਾ ਭਾਰਤ ਨੇ ਆਪ੍ਰੇਸ਼ਨ ਸਿੰਦੂਰ ਨਾਲ ਢੁਕਵਾਂ ਜੁਆਬ ਦਿੱਤਾ. ਉਨ੍ਹਾਂ ਕਿਹਾ ਕਿ ਪਾਕਿਸਤਾਨ ਨੂੰ ਅਜਿਹੀਆਂ ਹੋਰ ਗਲਤੀਆਂ ਨਹੀਂ ਕਰਨੀਆਂ ਚਾਹੀਦੀਆਂ ਪਰ ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਓਹ ਮੁੜ੍ਹ ਅਜਿਹਾ ਕਰ ਸਕਦਾ ਏ। ਉਨ੍ਹਾਂ ਕਿਹਾ ਕਿ ਆਪ੍ਰੇਸ਼ਨ ਸਿੰਦੂਰ ਅਜੇ ਪੂਰਾ ਨਹੀਂ ਹੋਇਆ ਏ ਅਤੇ ਅਜਿਹੀ ਕਿਸੇ

ਵੀ ਹਰਕਤ ਦਾ ਮੁਕਾਬਲਾ ਕਰਨ ਲਈ ਤਿਆਰੀਆਂ ਅਜੇ ਵੀ ਜਾਰੀ ਨੇ. ਫੌਜ ਦੇ ਕਮਾਂਡਰ ਨੇ ਕਿਹਾ ਕਿ ਸਵਦੇਸ਼ੀ ਜੰਗੀ ਤਕਨਾਲੋਜੀ ਵਿਕਸਤ ਕਰਨ ਤੋਂ ਇਲਾਵਾ, ਡਰੋਨ ਅਤੇ ਡਰੋਨ ਭੇਦੀ ਸਿਸਟਮ ਵਰਗੀਆਂ

ਨਵੀਆਂ ਤਕਨਾਲੋਜੀਆਂ ਵੀ ਪ੍ਰਾਪਤ ਕੀਤੀਆਂ ਜਾ ਰਹੀਆਂ ਨੇ ਤਾਂ ਜੋ ਮਨੁੱਖ ਰਹਿਤ ਪ੍ਰਣਾਲੀਆਂ ਰਾਹੀਂ ਕਿਸੇ ਵੀ ਖ਼ਤਰੇ ਦਾ ਮੁਕਾਬਲਾ ਕੀਤਾ ਜਾ ਸਕੇ। ਜਨਰਲ ਕਟਿਆਰ ਨੇ ਕਿਹਾ ਕਿ ਪਾਕਿਸਤਾਨ ਦਾ ਮੁਕਾਬਲਾ ਕਰਨ ਲਈ ਸੂਰਤ 'ਚ ਭਾਰਤੀ ਫੌਜ ਕਿਸੇ ਵੀ ਪਖੋਂ ਘੱਟ ਨਹੀਂ ਏ |

---------------------------------------------------------------

ਪੰਜਾਬ ਵਿੱਚ, ਭਾਰਤੀ ਫੌਜ ਦੇ ਗੋਲਡਨ ਐਰੋ ਡਿਵੀਜ਼ਨ ਨੇ ਅੱਜ ਤਰਨਤਾਰਨ ਦੇ ਆਸਲ ਉੱਤਰ ਵਿਖੇ 1965 ਦੀ ਭਾਰਤ-ਪਾਕਿਸਤਾਨ ਜੰਗ ਦੌਰਾਨ ਪਾਕਿਸਤਾਨ ਉੱਤੇ ਭਾਰਤ ਦੀ ਜਿੱਤ ਦੀ ਡਾਇਮੰਡ ਜੁਬਲੀ ਮਨਾਈ। ਇਸ ਮੌਕੇ ਉਨ੍ਹਾਂ ਬਹਾਦਰ ਫੌਜੀਆਂ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ ਗਈਆਂ ਜਿਨ੍ਹਾਂ ਦੀ ਅਦੁੱਤੀ ਹਿੰਮਤ ਅਤੇ ਸਰ੍ਬੁਚ ਕੁਰਬਾਨੀ ਨੇ ਆਸਲ ਉੱਤਰ ਅਤੇ ਬਰਕੀ ਦੀ ਲੜਾਈ ਵਿੱਚ 1965 ਦੀ ਜੰਗ ਨੂੰ ਰਾਸ਼ਟਰ ਦੇ ਹੱਕ ਵਿੱਚ ਮੋੜ ਦਿੱਤਾ। ਆਸਲ ਉੱਤਰ ਇਤਿਹਾਸਕ ਜੰਗ ਦਾ ਮੈਦਾਨ ਏ, ਜਿਸਨੂੰ 'ਪੈਟਨ ਟੈਂਕਾਂ ਦੇ ਕਬਰਿਸਤਾਨ' ਵਜੋਂ ਯਾਦ ਕੀਤਾ ਜਾਂਦਾ ਏ, ਕਿਉਂਕਿ 1965 ਦੀ ਜੰਗ ਦੌਰਾਨ ਭਾਰਤੀ ਫੌਜ ਨੇ ਇੱਥੇ 95 ਤੋਂ ਵੱਧ ਪੈਟਨ ਟੈਂਕਾਂ ਅਤੇ ਹੋਰਾਂ ਨੂੰ ਤਬਾਹ ਕਰ ਦਿੱਤਾ ਸੀ। ਯਾਦਗਾਰੀ ਸਮਾਰੋਹ  ਵਿੱਚ ਸਾਬਕਾ ਫੌਜੀਆਂ ਅਤੇ ਵੀਰ ਨਾਰੀਆਂ ਨੇ ਸ਼ਿਰਕਤ ਕੀਤੀ, ਜਿਨ੍ਹਾਂ ਵਿੱਚ ਕੰਪਨੀ ਕੁਆਰਟਰ ਮਾਸਟਰ ਹਵਲਦਾਰ CQMH ਅਬਦੁਲ ਹਾਮਿਦ  ਦੇ ਪਰਿਵਾਰਕ ਮੈਂਬਰ ਵੀ ਸ਼ਾਮਲ ਸਨ। ਉਨ੍ਹਾਂ ਨੂੰ

ਅਤਿ – ਆਧੁਨਿਕ ਅਤੇ ਅਪਗ੍ਰੇਡ ਕੀਤੇ ਦੁਸ਼ਮਣ ਟੈਂਕਾਂ ਨੂੰ ਨਸ਼ਟ ਕਰਨ ਵਿੱਚ ਉਨ੍ਹਾਂ ਦੀ ਬੇਮਿਸਾਲ ਬਹਾਦਰੀ ਅਤੇ ਡਿਊਟੀ ਦੌਰਾਨ ਆਪਣੀ ਜਾਨ ਕੁਰਬਾਨ ਕਰ ਦੇਣ ਲਈ ਸਰ੍ਬੁਚ ਫੌਜੀ ਸਨਮਾਨ, ਪਰਮ ਵੀਰ ਚੱਕਰ (ਮਰਨ ਉਪਰੰਤ) ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ 'ਤੇ ਜੰਗ ਦੇ ਸਾਰੇ ਨਾਇਕਾਂ ਨੂੰ ਸਨਮਾਨਿਤ ਕੀਤਾ ਗਿਆ.

ਇੱਕ ਰਿਪੋਰਟ –

ਪੰਜਾਬ ਦੇ ਰਾਜਪਾਲ, ਗੁਲਾਬ ਚੰਦ ਕਟਾਰੀਆ ਅਤੇ ਜਨਰਲ ਆਫਿਸਰ ਕਮਾਂਡਿੰਗ ਇਨ ਚੀਫ, ਪੱਛਮੀ ਕਮਾਂਡ, ਲੈਫਟੀਨੈਂਟ ਜਨਰਲ, ਮਨੋਜ ਕੁਮਾਰ ਕਟਿਆਰ ਨੇ ਹੋਰ ਫੌਜੀ ਕਮਾਂਡਰਾਂ ਅਤੇ ਵੱਡੀ ਗਿਣਤੀ ‘ਚ ਸਥਾਨਕ ਨਾਗਰਿਕਾਂ ਦੇ ਨਾਲ ਇਸ ਸਮਾਗਮ ਵਿੱਚ ਸ਼ਿਰਕਤ ਕੀਤੀ. 1965 ਦੀ ਜੰਗ ਦੇ ਸਥਾਈ ਭੰਡਾਰ ਵਜੋਂ ਇੱਕ ARCHIVES-ਤੇ-ਅਜਾਇਬ ਘਰ ਦਾ ਵੀ ਉਦਘਾਟਨ ਕੀਤਾ ਗਿਆ, ਜੋ ਇਤਿਹਾਸ, ਕਲਾਕ੍ਰਿਤਾਂ ਅਤੇ ਬਹਾਦਰੀ ਦੀਆਂ ਕਹਾਣੀਆਂ ਨੂੰ ਭਵਿੱਖ ਲਈ ਸੁਰੱਖਿਅਤ ਰੱਖਦਾ ਏ. ਭਾਰਤ ਦੇ ਸਭ ਤੋਂ ਵਧ ਦਲੇਰ ਅਤੇ ਨਿਡਰ ਮਸ਼ਹੂਰ ਨਾਇਕਾਂ ਵਿਚੋਂ ਇੱਕ, CQMH ABDUL HAMID ਦੀ ਯਾਦ ਨੂੰ ਸਮਰਪਿਤ ਹਾਮਿਦ ਗੈਲਰੀ ਦਾ ਵੀ ਉਦਘਾਟਨ ਕੀਤਾ ਗਿਆ ਅਤੇ ਜਨਤਾ ਲਈ ਖੋਲ੍ਹਿਆ ਗਿਆ। ਰਾਜਪਾਲ ਨੇ ਸਰਹੱਦੀ ਸੈਰ-ਸਪਾਟੇ ਨੂੰ ਉਤਸ਼ਾਹਿਤ ਕਰਨ ਅਤੇ ਯੋਧਿਆਂ ਦੀ ਧਰਤੀ ਪੰਜਾਬ ਨਾਲ ਨਾਗਰਿਕਾਂ ਦੇ ਸੰਪਰਕ ਨੂੰ ਮਜ਼ਬੂਤ ਕਰਨ ਦੀ ਪਹਿਲਕਦਮੀ ਲਈ ਫੌਜ ਅਤੇ ਇੰਡੀਅਨ ਨੈਸ਼ਨਲ ਟਰੱਸਟ ਫਾਰ ਆਰਟ ਐਂਡ ਕਲਚਰਲ ਹੈਰੀਟੇਜ (INTACH) ਦੀ ਸ਼ਲਾਘਾ ਕੀਤੀ। ਫੌਜ ਨੇ ਬੁਨਿਆਦੀ ਢਾਂਚਾ ਅਤੇ ਜੰਗੀ ਵੇਰਵੇ ਪ੍ਰਦਾਨ ਕੀਤੇ ਨੇ ਅਤੇ, INTACH ਨੇ ਖੇਮਕਰਨ ਵਿੱਚ ਪੰਜਾਬ ਦੇ ਪਹਿਲੇ ਫੌਜੀ ਵਿਰਸੇ ਅਤੇ ਆਡੀਓ-ਵਿਜ਼ੂਅਲ ਫਿਲਮਾਂ ਦੇ ਨਾਲ, ਹਾਮਿਦ ਗੈਲਰੀ ਬਣਾਈ। ਰਾਸ਼ਟਰ ਆਪਣੀਆਂ ਹਥਿਆਰਬੰਦ ਫੌਜਾਂ ਵਿੱਚ ਵਿਸ਼ਵਾਸ ਨਾਲ ਅੰਮ੍ਰਿਤ ਕਾਲ ਵਿੱਚ ਭਰੋਸੇ ਨਾਲ ਕਦਮ ਰਖ ਰਿਹਾ ਏ ਤੇ ਅਜਿਹੇ ਸਮੇਂ ਇਹ ਯਾਦਗਾਰੀ ਸਮਰੋਹ ਕੁਰਬਾਨੀਆਂ ਦੀ ਇੱਕ ਯਾਦ, ਫੌਜੀ ਵਿਰਸੇ ਦੇ ਜਸ਼ਨ ਅਤੇ ਭਵਿੱਖ ਲਈ ਇੱਕ ਵਾਅਦੇ ਵਜੋਂ ਸੀ .

---------------------------------------------------------------

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੱਲੋਂ ਐਲਾਨਿਆ ਗਿਆ ਜੀਐਸਟੀ ਬਚਤ ਉਤਸਵ, ਜੋ ਇਸ ਮਹੀਨੇ ਦੀ 22 ਤਰੀਕ ਨੂੰ ਸ਼ੁਰੂ ਹੋਇਆ ਸੀ, ਸਮਾਜ ਦੇ ਸਾਰੇ ਵਰਗਾਂ ਨੂੰ ਲਾਭ ਪਹੁੰਚਾ ਰਿਹਾ ਏ। ਅਗਲੀ ਪੀੜ੍ਹੀ ਦੇ ਜੀਐਸਟੀ ਸੁਧਾਰ ਭਾਰਤ ਦੀ ਅਸਿੱਧੀ ਟੈਕਸ ਪ੍ਰਣਾਲੀ ਨੂੰ ਸਰਲ ਬਣਾਉਣ ਵੱਲ ਇੱਕ ਮਹੱਤਵਪੂਰਨ ਕਦਮ ਨੇ। ਇਹ ਸੁਧਾਰ ਵੱਖ-ਵੱਖ ਵਸਤਾਂ ਅਤੇ ਸੇਵਾਵਾਂ 'ਤੇ ਟੈਕਸ ਦਰਾਂ ਘਟਾ ਕੇ,ਨਾਗਰਿਕਾਂ ਨੂੰ ਕਾਫ਼ੀ ਰਾਹਤ ਦੇ ਰਹੇ ਨੇ। ਅੱਜ ਅਸੀਂ ਇਮਾਰਤੀ ਉਸਾਰੀ ਸਮੱਗਰੀ ਵਿੱਚ ਜੀਐਸਟੀ ਕਟੌਤੀ ਬਾਰੇ ਇੱਕ ਰਿਪੋਰਟ ਪੇਸ਼ ਕਰ ਰਹੇ ਹਾਂ-

V/C

ਨਵੇਂ ਜੀਐਸਟੀ ਸੁਧਾਰਾਂ ਤਹਿਤ, ਸਰਕਾਰ ਨੇ ਸੀਮਿੰਟ, ਸੰਗਮਰਮਰ ਅਤੇ ਗ੍ਰੇਨਾਈਟ ਵਰਗੀਆਂ ਉਸਾਰੀ ਸਮੱਗਰੀਆਂ 'ਤੇ ਟੈਕਸ ਘਟਾ ਕੇ ਆਮ ਆਦਮੀ ਨੂੰ ਮਹੱਤਵਪੂਰਨ ਰਾਹਤ ਦਿੱਤੀ ਏ । ਨਵੇਂ ਟੈਕਸ ਢਾਂਚੇ ਤਹਿਤ, ਸਰਕਾਰ ਨੇ ਸੰਗਮਰਮਰ ਅਤੇ ਗ੍ਰੇਨਾਈਟ 'ਤੇ ਟੈਕਸ ਦਰਾਂ ਨੂੰ 12 ਫੀਸਦੀ ਤੋਂ ਘਟਾ ਕੇ 5 ਫੀਸਦੀ ਕਰ ਦਿੱਤਾ ਏ । ਇਸ GST ਕਟੌਤੀ ਨੇ ਉਸਾਰੀ ਸਮੱਗਰੀ ਦੀ ਲਾਗਤ ਘਟਾ ਦਿੱਤੀ ਏ , ਜਿਸ ਨਾਲ ਰਿਹਾਇਸ਼ ਅਤੇ ਬੁਨਿਆਦੀ ਢਾਂਚੇ ਦੇ ਪ੍ਰੋਜੈਕਟ ਹੋਰ ਕਿਫਾਇਤੀ ਹੋ ਗਏ ਨੇ. ਇਸੇ ਤਰ੍ਹਾਂ, ਸੀਮਿੰਟ 'ਤੇ ਜੀਐਸਟੀ 28 ਫੀਦੀ ਤੋਂ ਘਟਾ ਕੇ 18 ਫੀਸਦੀ ਕਰ ਦਿੱਤਾ ਗਿਆ ਏ । ਸਰਕਾਰ ਨੇ ਇੱਟਾਂ ਦੇ ਨਿਰਮਾਣ ਦੇ ਕੰਮ 'ਤੇ ਟੈਕਸ ਵੀ ਘਟਾ ਕੇ 5 ਫੀਸਦੀ ਕਰ ਦਿੱਤਾ ਏ, ਜੋ ਪਹਿਲਾਂ 12 ਫੀਸਦੀ ਸੀ। ਇਸ ਫੈਸਲੇ ਨਾਲ ਦਿਹਾਤੀ ਇਲਾਕਿਆਂ ਵਿੱਚ ਰਿਹਾਇਸ਼ੀ ਨਿਰਮਾਣ ਦੀ ਲਾਗਤ ਘਟੇਗੀ ਅਤੇ ਇੱਟਾਂ ਦੇ ਭੱਠੇ ਚਲਾਉਣ ਵਾਲੇ ਸੂਖਮ, ਛੋਟੇ ਅਤੇ ਦਰਮਿਆਨੇ ਉੱਦਮਾਂ ਨੂੰ ਹੁਲਾਰਾ ਮਿਲੇਗਾ. ਜੀਐਸਟੀ 2.0 ਤਹਿਤ ਦਰਾਂ ਨੂੰ ਤਰਕਸੰਗਤ ਬਣਾਏ ਜਾਣ ਨਾਲ ਖਪਤਕਾਰਾਂ ਅਤੇ ਨਿਰਮਾਤਾਵਾਂ ਨੂੰ ਰਾਹਤ ਮਿਲੀ ਏ ਤੇ, ਨਾਲ ਹੀ ਰਿਹਾਇਸ਼ ਸਨਅਤ ਨੂੰ ਵੀ ਹੁਲਾਰਾ ਮਿਲਿਆ ਏ । ਟੈਕਸ ਕਟੌਤੀ ਘਰੇਲੂ ਮੁਕਾਬਲੇਬਾਜ਼ੀ ਵਧਾਏਗੀ ਅਤੇ ਦਰਾਮਦ ਕੀਤੇ ਕੁਦਰਤੀ ਪੱਥਰ 'ਤੇ ਨਿਰਭਰਤਾ ਘਟਾਏਗੀ। ਫਲੋਰਿੰਗ, ਇੰਟੀਰੀਅਰ ਅਤੇ ਸੀਮਿੰਟ

ਦੀਆਂ ਘੱਟ ਲਾਗਤਾਂ ਨਾਲ ਘਰ ਖਰੀਦਦਾਰਾਂ ਨੂੰ ਲਾਭ ਹੋਣ ਅਤੇ ਜਨਤਕ ਖਰਚਿਆਂ ਦੀ ਵਧੇਰੇ ਕੁਸ਼ਲ ਵਰਤੋਂ ਹੋਣ ਦੀ ਉਮੀਦ ਏ।

---------------------------------------------------------

ਅੱਜ ਵਿਸ਼ਵ ਭਰ ਵਿੱਚ, ਅੰਤਰਰਾਸ਼ਟਰੀ ਅਨੁਵਾਦ ਦਿਵਸ ਮਨਾਇਆ ਜਾ ਰਿਹਾ ਏ। ਇਹ ਦਿਨ ਭਾਸ਼ਾ ਮਾਹਿਰਾਂ ਦੇ ਕੰਮ ਨੂੰ ਮਾਨਤਾ ਦੇਣ ਦਾ ਮੌਕਾ ਏ। ਇਹ ਦੇਸ਼ਾਂ  ਨੂੰ ਇਕ ਥਾਂ  ਲਿਆਉਣ, ਗੱਲਬਾਤ, ਸਮਝ ਅਤੇ ਸਹਿਯੋਗ ਨੂੰ ਸੁਚਾਰੂ ਬਣਾਉਣ, ਵਿਕਾਸ ਵਿੱਚ ਯੋਗਦਾਨ ਪਾਉਣ ਅਤੇ ਵਿਸ਼ਵ ਸ਼ਾਂਤੀ ਅਤੇ ਸੁਰੱਖਿਆ ਨੂੰ ਮਜ਼ਬੂਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਏ .

---------------------------------------------------------

ਦੇਸ਼ ਭਰ ਵਿੱਚ ਅੱਜ ਪਵਿੱਤਰ ਦੁਰਗਾ ਅਸ਼ਟਮੀ ਮਨਾਈ ਜਾ ਰਹੀ ਏ। ਸਵੇਰ ਤੋਂ ਹੀ ਭਗਤ, ਮਾਤਾ ਰਾਣੀ ਦੇ ਮੰਦਰਾਂ ਦੇ ਵਿੱਚ ਦੁਰਗਾ ਅਸ਼ਟਮੀ ਮਨਾਉਣ ਲਈ ਪਹੁੰਚ ਰਹੇ ਨੇ.  ਰਾਸ਼ਟਰਪਤੀ ਦ੍ਰੋਪਦੀ ਮੁਰਮੂ, ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਅੱਜ ਦੁਰਗਾ ਪੂਜਾ ਦੇ ਮੌਕੇ 'ਤੇ ਦੇਸ਼ ਵਾਸੀਆਂ  ਨੂੰ ਵਧਾਈ ਦਿੱਤੀ ਏ।

---------------------------------------------------------

ਯੋਗੇਸ਼ ਖਾਟੂਨੀਆ ਨੇ ਵਿਸ਼ਵ ਪੈਰਾ ਐਥਲੈਟਿਕਸ ਚੈਂਪੀਅਨਸ਼ਿਪ ਵਿੱਚ ਚਾਂਦੀ ਦਾ ਤਗਮਾ ਜਿੱਤਿਆ ਏ। ਦੋ ਵਾਰ ਦੇ ਪੈਰਾਲੰਪਿਕ ਚਾਂਦੀ ਦਾ

ਤਗਮਾ ਜੇਤੂ ਅਤੇ ਅਰਜੁਨ award ਨਾਲ ਸਨਮਾਨੇ ਗਏ, ਯੋਗੇਸ਼ ਖਾਟੂਨੀਆ ਨੇ ਅੱਜ ਨਵੀਂ ਦਿੱਲੀ ਦੇ ਜਵਾਹਰ ਲਾਲ ਨਹਿਰੂ ਸਟੇਡੀਅਮ ਵਿੱਚ ਮਰਦਾਂ ਦੇ ਡਿਸਕਸ ਥਰੋਅ F56 ਫਾਈਨਲ ਵਿੱਚ ਇਹ ਤਮਗਾ ਜਿੱਤਿਆ |

---------------------------------------------------

- ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹੈ ਕਿ ਆਪ੍ਰੇਸ਼ਨ ਸਿੰਦੂਰ ਦੌਰਾਨ ਭਾਰਤੀ ਹਥਿਆਰਬੰਦ ਫੌਜਾਂ ਦੀ ਅੰਤਰ-ਕਾਰਜਸ਼ੀਲਤਾ ਅਤੇ ਇਕਜੁੱਟਤਾ ਨੇ ਮਹੱਤਵਪੂਰਨ ਭੂਮਿਕਾ ਨਿਭਾਈ।
- ਭਾਰਤੀ ਫੌਜ ਨੇ ਭਰੋਸਾ ਦਿੱਤਾ ਏ ਕਿ ਜੇਕਰ ਪਾਕਿਸਤਾਨ ਆਪ੍ਰੇਸ਼ਨ ਸਿੰਦੂਰ ਤੋਂ ਬਾਅਦ ਵੀ ਦੁਬਾਰਾ ਗਲਤੀ ਕਰਦਾ ਏ, ਤਾਂ ਇਸ ਵਾਰ ਸਜ਼ਾ ਬਹੁਤ ਵੱਡੀ ਹੋਵੇਗੀ।
- ਭਾਰਤੀ ਫੌਜ ਦੇ ਗੋਲਡਨ ਐਰੋ ਡਿਵੀਜ਼ਨ ਨੇ ਅੱਜ ਤਰਨਤਾਰਨ ਦੇ ਆਸਲ ਉੱਤਰ ਵਿਖੇ 1965 ਦੀ ਜੰਗ 'ਚ ਭਾਰਤ ਦੀ ਜਿੱਤ ਦੀ ਡਾਇਮੰਡ ਜੁਬਲੀ ਮਨਾਈ।
- ਅੱਜ ਅੰਤਰਰਾਸ਼ਟਰੀ ਅਨੁਵਾਦ ਦਿਵਸ ਮਨਾਇਆ ਜਾ ਰਿਹਾ ਏ।
- ਯੋਗੇਸ਼ ਖਾਟੂਨੀਆ ਨੇ ਵਿਸ਼ਵ ਪੈਰਾ ਐਥਲੈਟਿਕਸ ਚੈਂਪੀਅਨਸ਼ਿਪ ਵਿੱਚ ਚਾਂਦੀ ਦਾ ਤਗਮਾ ਜਿੱਤਿਆ ਏ।

---

ਇਸਦੇ ਨਾਲ ਪ੍ਰਦੇਸ਼ਕ ਖਬਰਾਂ ਦਾ ਇਹ ਬੁਲੇਟਿਨ ਖਤਮ ਹੋਇਆ, ਰਾਸ਼ਟਰੀ ਖਬਰਾਂ ਦਾ ਅਗਲਾ ਬੁਲੇਟਿਨ ਤੁਸੀਂ ਸੁਣੋਗੇ 7 ਵੱਜਕੇ 30 ਮਿੰਟ 'ਤੇ

ਨਮਸਕਾਰ!